# ਸੰਵਾਦ

ISSN : 2395-1273
www.sanvad.org

21 ਵਾਂ ਅੰਕ
ਜਨਵਰੀ-ਜੂਨ 2025



Refugee Women (S.L. Prashar) Partition Museum

ESTD. 1892
ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ

# ਸੰਵਾਦ

ISSN : 2395-1273

ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

*A Peer Reviewed Punjabi Research Journal*

ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ

**ਛਿਮਾਹੀ ਖੋਜ ਰਸਾਲਾ**

ਜਨਵਰੀ-ਜੂਨ 2025

ਅੰਕ-21ਵਾਂ

**ਸਰਪ੍ਰਸਤ**

ਡਾ. ਅਰਵਿੰਦਰ ਕੌਰ ਕਾਹਲੋਂ

ਪ੍ਰਿੰਸੀਪਲ (ਕਾਰਜਕਾਰੀ)

ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**

ਡਾ. ਆਤਮ ਸਿੰਘ ਰੰਧਾਵਾ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ

**ਖ਼ਾਲਸਾ ਕਾਲਜ ਅੰਮ੍ਰਿਤਸਰ-143002**

# Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

**Patron :** *Dr. A. K. Kahlon* +91 98724-56833

**Chief Editor:** *Dr. Atam Singh Randhawa* +91 98722-17273

**ISSN : 2395-1273** | **January-June 2025**

**ਸਲਾਹਕਾਰ ਬੋਰਡ**

**ਡਾ. ਮਹਿਲ ਸਿੰਘ**

ਵਾਈਸ ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**

ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ

**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**

**ਚੰਦਾ ਭੇਜਣ ਤੇ ਮਿਲਣ ਦਾ ਪਤਾ**

**ਪ੍ਰਿੰਸੀਪਲ**

**ਖ਼ਾਲਸਾ ਕਾਲਜ, ਅੰਮ੍ਰਿਤਸਰ**

khalsacollegeamritsar@yahoo.com

www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1800 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**

Punjab National Bank Kot Khalsa, Amritsar

**© Principal, Khalsa College Amritsar**

**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 11ਵਾਂ, ਅੰਕ - 21ਵਾਂ ||| ਜਨਵਰੀ-ਜੂਨ 2025**

## ਤਤਕਰਾ


- **ਸੰਪਾਦਕੀ** 5
- **ਕੁਆਂਟਮ ਕਾਵਿ-ਸ਼ਾਸਤਰ** 9
  ਅਮਰਜੀਤ ਸਿੰਘ ਗਰੇਵਾਲ
- **ਤੂਤਾਂ ਵਾਲਾ ਖੂਹ : ਸਮਾਜ-ਇਤਿਹਾਸ ਦਾ ਗਲਪੀ ਦਸਤਾਵੇਜ਼** 16
  ਡਾ. ਮਹਿਲ ਸਿੰਘ
- **ਦੇਸ਼ ਵੰਡ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ : ਇਕ ਸੰਖੇਪ ਵਿਸ਼ਲੇਸ਼ਣ** 22
  ਡਾ. ਰਣਜੀਤ ਸਿੰਘ ਘੁੰਮਣ
- **ਪੰਜਾਬ ਵੰਡ (1947) : ਭੂਗੋਲ, ਆਰਥਿਕਤਾ ਅਤੇ ਕਿਸਾਨੀ ਉੱਪਰ ਪ੍ਰਭਾਵ** 28
  ਡਾ. ਸੁਖਦੇਵ ਸਿੰਘ ਸੋਹਲ
- **ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ : ਪੰਜਾਬੀ ਲੋਕਧਾਰਾ ਦਾ ਭਰ ਵਹਿੰਦਾ ਦਰਿਆ** 36
  ਡਾ. ਜਸਵਿੰਦਰ ਸਿੰਘ
- **ਸਰੋਦ ਸੁਦੀਪ : ਸਗਲ ਸਰੂਪ ਦਾ ਸੰਕੇਤੀ ਸੰਚਾਰ** 44
  ਡਾ. ਸਰਬਜੀਤ ਸਿੰਘ
- **ਪੰਜਾਬ ਦੀ ਵੰਡ : ਇਕ ਤ੍ਰਾਸਦੀ ਦੇ ਛੇ ਅਧਿਆਇ** 55
  ਡਾ. ਅਮਨਪ੍ਰੀਤ ਸਿੰਘ ਗਿੱਲ
- **ਉਤਰ-ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਮਕਾਲੀ ਪੰਜਾਬੀ ਕਹਾਣੀ** 63
  ਡਾ. ਪਰਮਜੀਤ ਕੌਰ ਸਿੱਧੂ
- **ਬਾਰਹਮਾਹ ਤੁਖਾਰੀ : ਵਿਯੋਗ-ਗ੍ਰਸਤ ਇਸਤਰੀ ਦੀ ਵੇਦਨਾ ਦਾ ਕਾਵਿ-ਕਥਨ** 69
  ਡਾ. ਪਰਮਿੰਦਰ ਸਿੰਘ
- **ਧੁਨੀ ਸਿਧਾਂਤ ਦੇ ਪ੍ਰਸੰਗ ਵਿਚ 'ਹੀਰ ਵਾਰਿਸ' ਦਾ ਵਿਸ਼ਲੇਸ਼ਣ** 75
  ਡਾ. ਰਜਨੀ ਬਾਲਾ
- **ਪਾਂਧੀ ਨਨਕਾਣਵੀਂ ਦੇ ਨਾਟਕ : 'ਰਾਤ ਵੇਲੇ ਸਰਘੀ ਵੇਲੇ' ਦੀਆਂ ਸੰਵਾਦੀ ਜੁਗਤਾਂ** 84
  ਨਿੰਦਰਪਾਲ ਸਿੰਘ ਅਤੇ ਡਾ. ਨਛੱਤਰ ਸਿੰਘ

❒ ਸਾਹਿਤਕ ਬਿਰਤਾਂਤ, ਡਿਜੀਟਲ ਸੰਚਾਰ ਅਤੇ ਸੱਤਾ 91
ਡਾ. ਸਰਬਜੀਤ ਸਿੰਘ

❒ ਡਾ. ਜੋਗਿੰਦਰ ਸਿੰਘ ਰਾਹੀ ਦਾ ਨਾਵਲ ਚਿੰਤਨ ਅਤੇ ਸਮਕਾਲੀ ਪੰਜਾਬੀ ਨਾਵਲ ਆਲੋਚਨਾ 97
ਡਾ. ਪ੍ਰਕਾਸ਼ ਸਿੰਘ

❒ ਗਾਈਤਰੀ ਚੱਕਰਵਰਤੀ ਸਪੀਵਾਕ ਦਾ ਸਬਾਲਟਰਨ ਪਰਿਪੇਖ 112
ਡਾ. ਸਤਵੀਰ ਸਿੰਘ

❒ ਅੱਲਾਮਾ ਇਕਬਾਲ ਦੀ ਪੰਜਾਬੀਅਤ : ਆਲੋਚਨਾਤਮਕ ਦ੍ਰਿਸ਼ਟੀਕੋਣ 124
ਡਾ. ਗੁਰਪ੍ਰੀਤ ਸਿੰਘ ਸੋਢੀ

❒ ਲਾਹੌਰ ਦਾ ਪਾਗਲਖਾਨਾ : ਦੇਸ਼-ਵੰਡ ਬਾਰੇ ਇਕ ਮਹੱਤਵਪੂਰਨ ਦਸਤਾਵੇਜ਼ 128
ਡਾ. ਰੁਪਿੰਦਰ ਕੌਰ

❒ ਲੈਵਿਸ ਹੈਨਰੀ ਮਾਰਗਨ ਦਾ ਚਿੰਤਨ : 'ਪੁਰਾਤਨ ਸਮਾਜ' ਦੇ ਪ੍ਰਸੰਗ ਵਿਚ 131
ਦਲਜੀਤ ਕੌਰ

❒ ਵਾਰਿਸ ਸ਼ਾਹ ਰਚਿਤ 'ਹੀਰ' ਵਿਚ ਛੰਦ, ਤਾਲ, ਰਾਗ ਅਤੇ ਰਸ ਦਾ ਅੰਤਰ-ਸਬੰਧ 138
ਡਾ. ਪਵਨ ਸਰਵਰ

❒ ਕਸ਼ਮੀਰ ਸੰਕਟ, ਇਤਿਹਾਸ ਅਤੇ ਸਮਕਾਲ ਨਾਲ ਸਬੰਧਤ
ਪੰਜਾਬੀ ਨਾਵਲ ਸਮਾਜ ਸਭਿਆਚਾਰਕ ਪਰਿਪੇਖ 147
ਕੁਲਜੀਤ ਸਿੰਘ


❒ ਸੁਖਜੀਤ ਦਾ ਕਹਾਣੀ ਜਗਤ : ਵਸਤੂ ਅਤੇ ਵਿਧੀ 156
ਡਾ. ਨਵਜੋਤ ਕੌਰ

## ਪੁਸਤਕ ਰੀਵਿਊ :

- **ਚੁਰਾਸੀ ਲੱਖ ਯਾਦਾਂ (ਨਾਵਲ)/ਜਸਬੀਰ ਮੰਡ** : ਡਾ. ਮਹਿਲ ਸਿੰਘ 163
- **ਪਰਛਾਵਿਆਂ ਦੀ ਜੂਨ ਭੋਗਦੇ ਅਕਾਰਾਂ ਦਾ ਧੁਰਦੇਸ : ਚੁਰਾਸੀ ਲੱਖ ਯਾਦਾਂ** : ਡਾ. ਯਾਦਵਿੰਦਰ ਸਿੰਘ 165
- **ਮਨੁ ਪੰਖੀ ਭਇਓ (ਨਾਵਲ)/ਮਨਮੋਹਨ** : ਡਾ. ਹਰਪ੍ਰੀਤ ਸਿੰਘ 168
- **ਪੰਜਾਬੀ ਸਾਹਿਤ-ਇਤਿਹਾਸ ਤੇ ਇਤਿਹਾਸਕਾਰੀ (ਆਲੋਚਨਾ)/ਡਾ. ਹਰਿਭਜਨ ਸਿੰਘ ਭਾਟੀਆ** 170
  ਡਾ. ਪਰਮਜੀਤ ਢੀਂਗਰਾ

◈

# ਸੰਪਾਦਕੀ




## ਮੈਟਾਫ਼ਰ ਦੀ ਸ਼ਕਤੀ ਨੂੰ ਮੁੜ-ਚਿਤਵਦਿਆਂ

**ਸੰ**ਵਾਦ ਦਾ 21ਵਾਂ ਅੰਕ, ਵੰਨ-ਸੁਵੰਨੇ ਵਿਸ਼ਿਆਂ ਨੂੰ ਮੁਖ਼ਾਤਿਬ ਹੈ। ਇਸ ਵਿਚਲੇ ਖੋਜ-ਪੱਤਰ ਸਾਡੇ ਸਮਕਾਲੀ ਸਾਹਿਤਕ, ਸਮਾਜਿਕ ਤੇ ਸਭਿਆਚਾਰਕ ਪਰਿਪੇਖ ਦੀ ਜਟਿਲਤਾ ਨੂੰ ਸਮਝਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਹੋ ਕੰਮ ਸਾਹਿਤ ਦਾ ਹੈ ਪਰ ਇਹ ਬਿੰਬਾਂ, ਤਸ਼ਬੀਹਾਂ ਤੇ ਮੈਟਾਫ਼ਰ ਦੀ ਭਾਸ਼ਾ 'ਚ ਸਿਰਜਿਆ ਹੁੰਦਾ ਹੈ। ਇਸੇ ਕਰਕੇ ਇਹ ਬਹੁ-ਅਰਥੀ, ਸੁਹਜਭਾਵੀ ਤੇ ਸੁਆਦਲਾ ਹੁੰਦਾ ਹੈ। ਆਨੰਦਮਈ ਮਾਧਿਅਮ 'ਚ ਗੂੜ੍ਹ-ਗਿਆਨ ਸਿਮਟਿਆ ਹੁੰਦਾ ਹੈ। ਉਹ ਗੂੜ੍ਹ-ਗਿਆਨ ਜੋ ਸੱਚ ਨੂੰ, ਯਥਾਰਥ ਨੂੰ ਉਨ੍ਹਾਂ ਦੀਆਂ ਕਈ ਪਰਤਾਂ ਸਮੇਤ ਪੇਸ਼ ਕਰਦਾ; ਖ਼ਾਸ ਕਰਕੇ ਉਹ ਪਰਤਾਂ ਵੀ ਜੋ ਇਕ-ਦੂਜੇ ਦੇ ਵਿਰੋਧ ਵਿਚ ਖੜ੍ਹੀਆਂ ਹੁੰਦੀਆਂ ਹਨ। ਮੈਟਾਫ਼ਰ ਦੇ ਮਾਧਿਅਮ ਰਾਹੀਂ ਪ੍ਰਾਪਤ ਬਿਰਤਾਂਤਕ ਸਮਝ ਬਹੁਕਾਲੀ, ਗਹਿਰੀ ਤੇ ਹਾਈਬ੍ਰਿਡ ਹੋ ਨਿਭੜਦੀ ਹੈ ਜੋ ਇਕੋ-ਇਕ ਅੰਤਮ ਸੱਚ ਤੇ ਨਿਰਣਿਆਂ ਵਾਲੀ ਇਕਹਿਰੀ ਬਿਰਤਾਂਤਕ ਸਮਝ ਨੂੰ ਤੋੜਦੀ ਹੈ। ਇਸ ਦੀ ਬੜੀ ਲੋੜ ਹੈ ਕਿਉਂਕਿ ਅਜਿਹੀ ਇਕਹਿਰੀ ਬਿਰਤਾਂਤਕ ਸਮਝ, ਸਮਕਾਲੀ ਜਟਿਲ ਯਥਾਰਥ ਨੂੰ ਸਮਝਣ-ਸਮਝਾਉਣ ਤੇ ਉਸ ਵਿਚਲੇ ਮਸਲਿਆਂ ਨੂੰ ਡੀਲ ਕਰਨ ਵਾਲੇ ਸੰਦ-ਸਾਧਨ ਪ੍ਰਦਾਨ ਕਰਨ ਤੋਂ ਨਿਹੱਥੀ ਹੋ ਚੁੱਕੀ ਹੈ।

ਸਾਹਿਤਕਾਰ ਸਮਾਜ ਦਾ ਵਿਲੱਖਣ ਅਨੁਭਵੀ ਬੰਦਾ ਅਤੇ ਨਾਲ ਸੰਵੇਦਨਸ਼ੀਲ ਤੇ ਦਾਰਸ਼ਨਿਕ ਵੀ ਹੈ। ਉਹ ਮੈਟਾਫ਼ਰ ਦੀ ਭਾਸ਼ਾ ਵਿਚ ਸਮੇਂ ਦੀਆਂ ਜਟਿਲ ਗੁੰਝਲਾਂ ਨੂੰ ਸਮਝਣ, ਚਿਤਰਣ ਤੇ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ। ਮੈਟਾਫਰ ਸਿਰਫ਼ ਸ਼ਬਦਾਰਥ ਨਹੀਂ, ਮਨੁੱਖੀ ਸੋਚ ਅਤੇ ਵਿਹਾਰ ਦਾ ਹਿੱਸਾ ਹਨ। ਇਹ ਦਿਮਾਗ ਵਿਚ ਸਮਝ ਅਤੇ ਅਨੁਭਵ ਨੂੰ ਬਣਾਉਂਦੇ ਹਨ। ਇਸ ਤਰ੍ਹਾਂ ਇਹ ਮਨੁੱਖੀ ਵਿਚਾਰਧਾਰਾ ਅਤੇ ਸਮਝਣ ਦੀ ਪ੍ਰਕਿਰਿਆ ਦਾ ਕੇਂਦਰੀ ਹਿੱਸਾ ਹਨ। ਇਨ੍ਹਾਂ ਰਾਹੀਂ ਸਮਾਜਿਕ ਤੇ ਸਭਿਆਚਾਰਕ ਗੁੰਝਲਾਂ ਅਤੇ ਜਟਿਲ ਵਿਚਾਰ, ਸੌਖੇ ਤੇ ਗਹਿਰੇ ਰੂਪ ਵਿਚ ਸਮਝੇ ਜਾ ਸਕਦੇ ਹਨ। ਵਿਗਿਆਨ ਤੇ ਤਰਕ ਦੀ ਭਾਸ਼ਾ 'ਸਮੁੰਦਰੋਂ ਡੂੰਘੇ ਦਿਲ ਦਰਿਆਵਾਂ' ਦੀ ਥਾਹ ਨਹੀਂ ਪਾ ਸਕਦੀ; ਇਥੋਂ ਤਕ ਕਿ ਮੈਟਾ-ਨੈਰੇਟਿਵ ਵੰਨਗੀ ਵਾਲੀ, ਲੀਨੀਅਰ ਪ੍ਰਗਤੀਸ਼ੀਲ ਬਿਰਤਾਂਤਕ ਜਾਂ ਤਸ਼ਬੀਹੀ ਕਿਸਮ ਦੀ ਕਵਿਤਾ ਵੀ ਥਾਹ ਨਹੀਂ ਪਾ ਸਕਦੀ ਪਰ ਇਹ ਰੂਪਕ ਚੇਤਨਾ ਵਿਗਿਆਨ ਤੇ ਤਰਕ ਦੀ ਭਾਸ਼ਾ ਤੋਂ ਪਾਰ ਤੇ ਬੰਦੇ ਦੇ ਅੰਦਰਲੀਆਂ ਪਰਤਾਂ ਹੇਠ ਲੁਕੇ ਸੱਚ ਨੂੰ ਤਲਾਸ਼ ਸਕਦੀ ਹੈ। ਬੱਸ ਬਦਲ ਰਹੀਆਂ ਸਥਿਤੀਆਂ ਵਿਚ ਮੈਟਾਫ਼ਰ ਦੀ ਸ਼ਕਤੀ ਨੂੰ ਮੁੜ-ਚਿਤਵਣਾ ਜ਼ਰੂਰੀ ਹੋ ਗਿਆ ਲਗਦਾ ਹੈ।

ਸੋ ਮਾਨਵਤਾ ਤੇ ਮਾਨਵੀ ਚੇਤਨਾ ਦੇ ਸੁਆਲਾਂ ਨੂੰ ਸੁਲਝਾਉਣ ਲਈ ਹੋਰਨਾਂ ਮੁਕਾਬਲੇ ਮੈਟਾਫ਼ਰ ਵੱਧ ਕਾਰਗਰ ਹਥਿਆਰ ਹੈ। ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੇ ਦੌਰ ਵਿਚ ਮਾਨਵਤਾ ਸਾਹਮਣੇ ਵੱਡੀਆਂ ਚੁਣੌਤੀਆਂ ਨਜ਼ਰ ਆ ਰਹੀਆਂ ਹਨ। ਸਭ ਤੋਂ ਵੱਡੀ ਚੁਣੌਤੀ ਮਾਨਵੀਂ ਕਦਰਾਂ-ਕੀਮਤਾਂ, ਸਦਭਾਵਨਾ ਜਾਂ ਨੈਤਿਕਤਾ ਦੀ ਹੈ। ਭਾਵਨਾਵਾਂ-ਹੀਣ ਮਸ਼ੀਨੀ ਬੁੱਧੀ ਦੇ ਮਨੁੱਖ ਦੀ ਬੁੱਧੀ ਤੋਂ ਅਗਾਂਹ ਲੰਘ ਜਾਣ ਦੀ ਪੇਸ਼ੀਨਗੋਈ ਖ਼ਤਰਨਾਕ ਸ਼ੰਕੇ ਪੈਦਾ ਕਰ ਰਹੀ ਹੈ। 'ਇਨਸਾਨੀਅਤ, ਲਗਾਉ, ਹਮਦਰਦੀ, ਸਦਾਚਾਰ, ਪਿਆਰ, ਸਤਿਕਾਰ, ਭਲੇ, ਦਇਆ

ਵਿਹੂਣੇ' ਏਆਈ ਯੁਗ ਵਿਚ ਸਾਰੀ ਮਨੁੱਖਤਾ ਲਈ ਇਕ ਅਸਤਿਤਵੀ ਸੰਕਟ ਦਿਸ ਰਿਹਾ ਹੈ। ਅਜਿਹੇ ਵਿਚ ਮਾਨਵੀ ਭਾਵਨਾਵਾਂ ਦਾ ਬਚਾਅ ਮੁੱਖ ਮੁੱਦਾ ਹੋਵੇਗਾ। ਇਨ੍ਹਾਂ ਭਾਵਨਾਵਾਂ ਦੇ ਬਚਾਅ ਲਈ ਸਪੱਸ਼ਟ ਰਾਹ ਸਾਹਿਤ-ਦਰਸ਼ਨ ਵਿਚੋਂ ਹੋ ਕੇ ਜਾਂਦਾ ਹੈ। ਇਹ ਮਨੁੱਖੀ ਸਮਝ ਦੀ ਸੁੱਚੀ, ਕਲਿਆਣਮਈ, ਸੁਹਜਮਈ ਤੇ ਉੱਚਤਮ ਪੱਧਰ ਹੈ ਜੋ ਮਾਨਵਤਾ ਦੇ ਅਸਤਿਤਵੀ ਅਰਥ ਉਜਾਗਰ ਕਰਦੀ ਹੈ ਅਤੇ ਮਨੁੱਖਾਂ/ਸਮਾਜਾਂ/ਦੁਨੀਆਂ ਨੂੰ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਨੂੰ ਜਾਂਦੇ ਰਾਹ ਦਿਖਾਲਦੀ ਹੈ। ਸੋ 'ਏਆਈ ਦੇ ਸਵੈ-ਚਾਲਿਤ ਤੇ ਭਾਵਨਾਵਾਂ-ਵਿਹੂਣੇ ਯੁਗ' ਵਿਚ ਸਾਹਿਤ-ਦਰਸ਼ਨ ਤੋਂ ਰੋਸ਼ਨੀ ਲੈ ਕੇ ਸੱਚੀਆਂ-ਸੁੱਚੀਆਂ ਭਾਵਨਾਵਾਂ ਨੂੰ ਕਾਇਮ ਹੀ ਨਹੀਂ, ਸਗੋਂ ਹੋਰ ਉਚੇਰਾ ਵੀ ਪਹੁੰਚਾਇਆ ਜਾ ਸਕਦਾ ਹੈ। ਹਿੰਦੋਸਤਾਨ ਦੇ ਪ੍ਰਸੰਗ ਵਿਚ ਮੱਧਕਾਲੀ ਕਾਵਿ ਜਾਂ ਖ਼ਾਸ ਕਰਕੇ ਗੁਰੂ ਨਾਨਕ ਬਾਣੀ ਵਿਚਲਾ ਦਰਸ਼ਨ ਤੇ ਅੰਤਰ-ਦ੍ਰਿਸ਼ਟੀਆਂ, ਦੁਨੀਆਂ ਨੂੰ ਉੱਚ-ਨੈਤਿਕ ਮਾਡਲ ਪ੍ਰਦਾਨ ਕਰ ਸਕਦੀਆਂ ਹਨ ਜਿਸ ਵਿਚ ਭਰਾਤਰੀ-ਭਾਵ, ਸਾਂਝੀਵਾਲਤਾ, ਲਗਾਉ, ਹਮਦਰਦੀ, ਪਿਆਰ, ਸੇਵਾ, ਸਰਬੱਤ ਦਾ ਭਲਾ, ਕਿਰਤ, ਨਾਮ, ਵੰਡ-ਛਕਣਾ ਆਦਿ ਰਾਹੀਂ ਦੁਨੀਆਂ ਭਰ ਵਿਚ ਤਕਨਾਲੋਜੀ ਨਾਲ ਜੋੜਿਆ ਜਾ ਸਕਦਾ ਹੈ। ਇਸੇ ਤਰ੍ਹਾਂ ਸਮਕਾਲੀ ਕਵਿਤਾ ਵਿਚਲੇ ਕਾਵਿਕ-ਰੂਪਕ; ਵਖਰੇਵਿਆਂ, ਵਿਰੋਧਭਾਸਾਂ ਅਤੇ ਅਨਿਸ਼ਚਿਤਾਵਾਂ ਦਾ, ਇੱਕੋ ਸਮੇਂ ਸਾਂਝੇ ਨੈੱਟਵਰਕ ਵਿਚ ਸੰਗਠਿਤ ਅਨੁਭਵ ਪੇਸ਼ ਕਰਨ ਦਾ ਕੰਮ ਕਰਦੇ ਹਨ।

**ਸੰਵਾਦ** ਦੇ ਇਸ ਅੰਕ ਵਿਚ ਅਮਰਜੀਤ ਸਿੰਘ ਗਰੇਵਾਲ ਅਜਿਹੇ ਰੂਪਕ ਦੇ ਮਹੱਤਵ ਨੂੰ ਮੁੜ-ਉਭਾਰਨ ਦਾ ਯਤਨ ਕਰਦੇ ਹਨ ਅਤੇ ਨਵੀਂ ਦ੍ਰਿਸ਼ਟੀ ਤੋਂ ਪੰਜਾਬੀ ਸਾਹਿਤ ਦਾ ਕਾਵਿ-ਸ਼ਾਸਤਰ ਉਲੀਕਣ ਦੀ ਨਿਸ਼ਾਨਦੇਹੀ ਕਰਦੇ ਹਨ ਜਿਸ ਨੂੰ ਉਹ 'ਉਤਰ-ਮਾਨਵਵਾਦੀ ਕਾਵਿ-ਸ਼ਾਸਤਰ' ਜਾਂ 'ਕੁਆਂਟਮ ਕਾਵਿ-ਸ਼ਾਸਤਰ' ਕਹਿਣਾ ਪਸੰਦ ਕਰਦੇ ਹਨ। ਇਸ ਵਿਚ ਮੈਟਾਫਰ ਨੂੰ ਬਦਲ ਰਹੀਆਂ ਸਥਿਤੀਆਂ ਵਿਚ 'ਕੁਆਂਟਮ' ਵਰਤਾਰੇ ਵਜੋਂ ਸਮਝਣ ਦੀ ਲੋੜ 'ਤੇ ਜ਼ੋਰ ਦਿੰਦੇ ਹਨ। ਉਨ੍ਹਾਂ ਦੀ ਧਾਰਨਾ ਹੈ ਕਿ ਇਸ ਵਿਕਸਤ ਹੋ ਰਹੀ ਨਵੀਂ ਸਮਝ ਨੂੰ ਸਾਹਿਤਕ ਵਿਸ਼ਲੇਸ਼ਣ ਤੱਕ ਸੀਮਤ ਨਾ ਰੱਖਦੇ ਹੋਏ, ਡਿਜੀਟਲ ਹਿਊਮੈਨਟੀਜ਼, ਆਰਟੀਫ਼ਿਸ਼ੀਅਲ ਇੰਟੈਲੀਜੈਂਸ ਅਤੇ ਚੇਤਨਾ ਅਧਿਐਨ ਦੇ ਵਿਕਾਸ ਲਈ ਵੀ ਵੱਡੇ ਪੱਧਰ ਤੇ ਉਪਯੋਗ ਵਿਚ ਲਿਆਉਂਣ ਦੀ ਲੋੜ ਹੈ।

ਇਸ ਅੰਕ ਵਿਚ ਪ੍ਰਕਾਸ਼ਿਤ ਖੋਜ-ਪੱਤਰਾਂ ਵਿਚੋਂ ਕੁਝ ਸੰਤਾਲੀ ਦੀ ਪੰਜਾਬ-ਵੰਡ ਦੇ ਦੁਖਾਂਤ ਨਾਲ ਸੰਬੰਧਿਤ ਹਨ। ਇਹ ਖੋਜ-ਪੱਤਰ ਸਾਡੇ ਇਤਿਹਾਸ ਦੇ ਦਰਦਨਾਕ ਅਧਿਆਇ ਦੀ ਨਵੀਂ ਵਿਆਖਿਆ ਪੇਸ਼ ਕਰਦੇ ਹਨ। ਇਹ ਸਿਰਫ਼ ਇਤਿਹਾਸਕ ਘਟਨਾਵਾਂ ਦਾ ਵਰਣਨ ਹੀ ਨਹੀਂ, ਸਗੋਂ ਇਸਦੇ ਆਰਥਿਕ, ਸਮਾਜਿਕ-ਸਭਿਆਚਾਰਕ ਪ੍ਰਭਾਵਾਂ, ਮਾਨਵੀ ਤ੍ਰਾਸਦੀ, ਅਤੇ ਦੂਰਗਾਮੀ ਨਤੀਜਿਆਂ ਦੀ ਵੀ ਪੜਚੋਲ ਕਰਦੇ ਹਨ। ਡਾ. ਮਹਿਲ ਸਿੰਘ ਦਾ ਪੇਪਰ 'ਤੂਤਾਂ ਵਾਲਾ ਖੂਹ : ਸਮਾਜ-ਇਤਿਹਾਸ ਦਾ ਗਲਪੀ ਦਸਤਾਵੇਜ਼' ਸਾਂਝੇ ਪੰਜਾਬ ਦੀ ਭਾਈਚਾਰਕ ਸਾਂਝ ਦੇ ਗਠਨ ਤੇ ਵਿਗਠਨ ਦੇ ਬਿਰਤਾਂਤ ਨੂੰ ਲੀਨੀਅਰ-ਇਤਿਹਾਸ ਦੇ ਸਮਾਨੰਤਰ, ਗਹਿਰੇ ਤੇ ਬਹੁ-ਪਰਤੀ ਇਤਿਹਾਸ ਦਾ ਦਸਤਾਵੇਜ਼ ਮੰਨਿਆਂ ਹੈ, ਉਹ ਉਸਦੇ ਮੈਟਾਫ਼ਰ ਰਾਹੀਂ ਗਹਿਰੇ ਸੱਚ ਨੂੰ ਪ੍ਰਗਟ ਕਰਨ ਕਰਕੇ ਮੰਨਿਆਂ ਹੈ। ਡਾ. ਰਣਜੀਤ ਸਿੰਘ ਘੁੰਮਣ ਨੇ ਆਪਣੇ ਪਰਚੇ 'ਦੇਸ਼ ਵੰਡ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ : ਇਕ ਸੰਖੇਪ ਵਿਸ਼ਲੇਸ਼ਣ' ਵਿਚ ਤੱਥਾਂ ਆਧਾਰਿਤ ਸਪੱਸ਼ਟ ਕੀਤਾ ਹੈ ਕਿ ਸੰਤਾਲੀ ਦੀ ਵੰਡ ਦਾ ਸਭ ਤੋਂ ਬੁਰਾ ਪ੍ਰਭਾਵ ਪੰਜਾਬ ਉਪਰ ਪਿਆ ਹੈ। ਇਸੇ ਨਿਰੰਤਰਤਾ ਵਿਚ ਡਾ. ਸੁਖਦੇਵ ਸਿੰਘ ਸੋਹਲ ਨੇ '1947 ਦੀ ਪੰਜਾਬ ਵੰਡ ਦੇ ਭੂਗੋਲ, ਆਰਥਿਕਤਾ ਅਤੇ ਕਿਸਾਨੀ ਉੱਪਰ ਪਏ ਪ੍ਰਭਾਵਾਂ' ਦੀ ਵਿਸਥਾਰ ਸਹਿਤ ਚਰਚਾ ਕੀਤੀ ਹੈ। ਡਾ. ਅਮਨਪ੍ਰੀਤ ਸਿੰਘ ਗਿੱਲ ਨੇ ਵੀ 'ਪੰਜਾਬ ਦੀ ਵੰਡ ਦੀ ਇਕ ਤ੍ਰਾਸਦੀ ਦੇ ਛੇ ਅਧਿਆਇਆਂ' ਦੀ ਗੱਲ ਕਰਕੇ ਪੰਜਾਬ ਨਾਲ ਹੋਈਆਂ ਸੀਰੀਅਲ ਤ੍ਰਾਸਦੀਆਂ ਦਾ ਲੇਖਾ-ਜੋਖਾ ਕੀਤਾ ਹੈ। ਡਾ. ਰੁਪਿੰਦਰ ਕੌਰ ਨੇ 'ਲਾਹੌਰ ਦਾ ਪਾਗਲਖਾਨਾ' ਕਿਤਾਬ ਵਿਚਲੀਆ ਕਹਾਣੀਆਂ ਨੂੰ 'ਦੇਸ਼-ਵੰਡ ਬਾਰੇ ਇਕ ਮਹੱਤਵਪੂਰਨ ਦਸਤਾਵੇਜ਼' ਮੰਨਿਆਂ ਹੈ। ਡਾ. ਜਸਵਿੰਦਰ ਸਿੰਘ ਦਾ ਖੋਜ-ਪੱਤਰ ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਦੇ ਪੰਜਾਬੀ ਲੋਕਧਾਰਾ ਦੇ ਖੇਤਰ ਵਿਚ ਪਾਏ ਅਨਮੁੱਲੇ ਯੋਗਦਾਨ ਨੂੰ 'ਭਰ ਵਗਦੇ ਦਰਿਆ' ਦੇ ਰੂਪਕ ਰਾਹੀਂ ਦਰਸਾਉਂਦੇ ਹਨ। ਡਾ. ਸਰਬਜੀਤ ਸਿੰਘ ਨੇ ਆਪਣੇ ਖੋਜ-ਪੱਤਰ 'ਸਰੋਦ ਸੁਦੀਪ : ਸਗਲ ਸਰੂਪ ਦਾ ਸੰਕੇਤੀ ਸੰਚਾਰ' ਵਿਚ ਸਰੋਦ ਸੁਦੀਪ


ISSN : 2395-1273

ਦੀ ਕਵਿਤਾ ਨੂੰ ਆਧੁਨਿਕ ਯੁਗ ਦੇ ਸਗਲ ਸਰੂਪ ਨੂੰ ਸੰਜਮ ਤੇ ਸੰਕੇਤਾਂ ਨਾਲ ਪੇਸ਼ ਕਰਨ ਵਾਲਾ ਸਮਰੱਥ ਸ਼ਾਇਰ ਮੰਨਿਆਂ ਹੈ।

ਇਸੇ ਤਰ੍ਹਾਂ ਇਸ ਅੰਕ ਵਿਚਲੇ ਕੁਝ ਪੇਪਰ ਸਿਧਾਂਤ ਚਿੰਤਨ ਨਾਲ ਸਬੰਧਿਤ ਹਨ। ਡਾ. ਪਰਮਜੀਤ ਕੌਰ ਸਿੱਧੂ ਨੇ 'ਉਤਰ-ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਮਕਾਲੀ ਪੰਜਾਬੀ ਕਹਾਣੀ' ਬਾਰੇ, ਡਾ. ਸਰਬਜੀਤ ਸਿੰਘ ਨੇ 'ਸਾਹਿਤਕ ਬਿਰਤਾਂਤ, ਡਿਜੀਟਲ ਸੰਚਾਰ ਅਤੇ ਸੱਤਾ' ਬਾਰੇ, ਡਾ. ਸਤਵੀਰ ਸਿੰਘ ਨੇ 'ਗਾਈਤਰੀ ਚੱਕਰਵਰਤੀ ਸਪੀਵਾਕ ਦੇ ਸਬਾਲਟਰਨ ਪਰਿਪੇਖ' ਬਾਰੇ ਅਤੇ ਦਲਜੀਤ ਕੌਰ ਨੇ 'ਪੁਰਾਤਨ ਸਮਾਜ ਦੇ ਪ੍ਰਸੰਗ ਵਿਚ ਲੈਵਿਸ ਹੈਨਰੀ ਮਾਰਗਨ ਦੇ ਚਿੰਤਨ' ਦਾ ਲੇਖਾ-ਜੋਖਾ ਕੀਤਾ ਹੈ। ਡਾ. ਪ੍ਰਕਾਸ਼ ਸਿੰਘ ਨੇ 'ਡਾ. ਜੋਗਿੰਦਰ ਸਿੰਘ ਰਾਹੀ ਦੇ ਨਾਵਲ ਚਿੰਤਨ ਅਤੇ ਸਮਕਾਲੀ ਪੰਜਾਬੀ ਨਾਵਲ ਆਲੋਚਨਾ' ਬਾਰੇ ਸਿਧਾਂਤਕ ਤੇ ਮੈਟਾ-ਆਲੋਚਨਾ ਦੇ ਨਜ਼ਰੀਏ ਤੋਂ ਡਾ. ਰਾਹੀ ਦੀ ਨਾਵਲ-ਆਲੋਚਨਾ ਦ੍ਰਿਸ਼ਟੀ ਦੇ ਮਹੱਤਵਪੂਰਨ ਸੂਤਰ ਤਲਾਸ਼ ਕੀਤੇ ਹਨ। ਇਸੇ ਤਰ੍ਹਾਂ ਹੋਰ ਵਰਣਨਯੋਗ ਪੇਪਰਾਂ ਵਿਚ ਕੁਲਜੀਤ ਸਿੰਘ ਦਾ ਖੋਜ-ਪੱਤਰ 'ਸਮਕਾਲ ਨਾਲ ਸਬੰਧਤ ਪੰਜਾਬੀ ਨਾਵਲ ਵਿਚ ਇਤਿਹਾਸ ਤੇ ਕਸ਼ਮੀਰ ਸੰਕਟ', ਡਾ. ਨਿੰਦਰਪਾਲ ਸਿੰਘ ਅਤੇ ਡਾ. ਨਛੱਤਰ ਸਿੰਘ ਦਾ 'ਪਾਂਧੀ ਨਨਕਾਣਵੀਂ ਦੇ ਨਾਟਕ : 'ਰਾਤ ਵੇਲੇ ਸਰਘੀ ਵੇਲੇ' ਦੀਆਂ ਸੰਵਾਦੀ ਜੁਗਤਾਂ', ਡਾ. ਨਵਜੋਤ ਕੌਰ ਦਾ 'ਸੁਖਜੀਤ ਦੀਆਂ ਕਹਾਣੀਆਂ ਦੀ ਵਸਤੂ ਅਤੇ ਵਿਧੀ' ਅਤੇ ਡਾ. ਗੁਰਪ੍ਰੀਤ ਸਿੰਘ ਸੋਢੀ ਦਾ ਖੋਜ-ਪੱਤਰ 'ਅੱਲਾਮਾ ਇਕਬਾਲ ਦੀ ਪੰਜਾਬੀਅਤ' ਸ਼ਾਮਿਲ ਹਨ। ਕੁਝ ਪੇਪਰ ਮੱਧਕਾਲੀ ਟੈਕਸਟ ਆਧਾਰਿਤ ਹਨ। ਡਾ. ਪਰਮਿੰਦਰ ਸਿੰਘ ਨੇ 'ਬਾਰਹਮਾਹ ਤੁਖਾਰੀ' ਦੇ ਪਾਠ ਨੂੰ 'ਵਿਯੋਗ-ਗ੍ਰਸਤ ਇਸਤਰੀ ਦੀ ਵੇਦਨਾ' ਦੇ ਪ੍ਰਸੰਗ ਵਿਚ ਪਾਠ ਦੀਆਂ ਪਰਤਾਂ ਨੂੰ ਡੀਕੋਡ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸੇ ਤਰ੍ਹਾਂ ਡਾ. ਰਜਨੀ ਬਾਲਾ ਨੇ 'ਧੁਨੀ ਸਿਧਾਂਤ ਦੇ ਪ੍ਰਸੰਗ ਵਿਚ 'ਹੀਰ ਵਾਰਿਸ' ਦਾ ਵਿਸ਼ਲੇਸ਼ਣ ਕੀਤਾ ਹੈ ਅਤੇ ਇਸੇ ਟੈਕਸਟ ਵਿਚਲੇ ਛੰਦ, ਤਾਲ, ਰਾਗ ਅਤੇ ਰਸ ਦੇ ਅੰਤਰ-ਸਬੰਧ ਨੂੰ ਪਵਨ ਸਰਵਰ ਨੇ ਘੋਖਿਆ ਹੈ। ਸੋ ਇਹ ਬਹੁਮੁਖੀ ਤੇ ਵੰਨ-ਸੁਵੰਨੀ ਬਿਰਤੀ ਵਾਲੇ ਪੇਪਰ ਪੰਜਾਬੀ ਸਾਹਿਤ, ਲੋਕਧਾਰਾ, ਖੋਜ, ਆਲੋਚਨਾ ਤੇ ਚਿੰਤਨ ਦੀ ਗੰਭੀਰਤਾ ਤੇ ਮਿਆਰ ਨੂੰ ਦਰਸਾਉਂਦੇ ਹਨ। ਇਹ ਪੰਜਾਬੀ ਅਕਾਦਮਿਕ ਖੇਤਰ ਵਿਚ ਨਵੀਆਂ ਦਿਸ਼ਾਵਾਂ ਦੀ ਨਿਸ਼ਾਨਦੇਹੀ ਕਰਦੇ ਹਨ ਅਤੇ ਭਵਿੱਖ ਦੇ ਖੋਜ-ਕਾਰਜ ਲਈ ਨਵੇਂ ਰਾਹ ਖੋਲ੍ਹਦੇ ਹਨ। ਅੰਕ ਦੇ ਅੰਤਲੇ ਪੁਸਤਕ-ਰੀਵਿਊ ਵਾਲੇ ਭਾਗ ਵਿਚ ਡਾ. ਮਹਿਲ ਸਿੰਘ ਤੇ ਡਾ. ਯਾਦਵਿੰਦਰ ਸਿੰਘ ਦੁਆਰਾ ਜਸਬੀਰ ਮੰਡ ਦੇ ਨਾਵਲ 'ਚੁਰਾਸੀ ਲੱਖ ਯਾਦਾਂ' ਦਾ ਰਿਵਿਊ, ਡਾ. ਹਰਪ੍ਰੀਤ ਸਿੰਘ ਦੁਆਰਾ ਮਨਮੋਹਨ ਦੇ ਨਾਵਲ 'ਮਨੁ ਪੰਖੀ ਭਇਓ' ਅਤੇ ਡਾ. ਪਰਮਜੀਤ ਢੀਂਗਰਾ ਦੁਆਰਾ ਡਾ. ਹਰਿਭਜਨ ਸਿੰਘ ਭਾਟੀਆ ਦੀ ਪੁਸਤਕ 'ਪੰਜਾਬੀ ਸਾਹਿਤ-ਇਤਿਹਾਸ ਤੇ ਇਤਿਹਾਸਕਾਰੀ' ਦੇ ਰਿਵਿਊ ਸ਼ਾਮਿਲ ਹਨ।

**ਸੰਵਾਦ** ਦਾ 21ਵਾਂ ਜਰਨਲ ਅੰਕ ਆਪ ਦੇ ਸਨਮੁਖ ਹੈ। ਅਸੀਂ ਆਸ ਕਰਦੇ ਹਾਂ ਕਿ ਇਹ ਅੰਕ ਪਾਠਕਾਂ ਲਈ ਗਿਆਨ-ਵਰਧਕ ਹੋਵੇਗਾ ਤੇ 'ਸੰਵਾਦ' ਦੀ ਅਕਾਦਮਿਕ ਪਰੰਪਰਾ ਨੂੰ ਅੱਗੇ ਤੋਰੇਗਾ।

**-ਆਤਮ ਸਿੰਘ ਰੰਧਾਵਾ**

◈